ਸਾਰਗ ਮਹਲਾ ੫ ॥ ਓਟ ਸਤਾਣੀ ਪ੍ਰਭ ਜੀਉ ਮੇਰੈ ॥ ਦ੍ਰਿਸਟਿ ਨ ਲਿਆਵਉ ਅਵਰ ਕਾਹੂ ਕਉ ਮਾਣਿ ਮਹਤਿ ਪ੍ਰਭ ਤੇਰੈ ॥੧॥ ਰਹਾਉ ॥ ਅੰਗੀਕਾਰੁ ਕੀਓ ਪ੍ਰਭਿ ਅਪੁਨੈ ਕਾਢਿ ਲੀਆ ਬਿਖੁ ਘੇਰੈ ॥ ਅੰਮ੍ਰਿਤ ਨਾਮੁ ਅਉਖਧੁ ਮੁਖਿ ਦੀਨੋ ਜਾਇ ਪਇਆ ਗੁਰ ਪੈਰੈ ॥੧॥ ਕਵਨ ਉਪਮਾ ਕਹਉ ਏਕ ਮੁਖ ਨਿਰਗੁਣ ਕੇ ਦਾਤੇਰੈ ॥ ਕਾਟਿ ਸਿਲਕ ਜਉ ਅਪੁਨਾ ਕੀਨੋ ਨਾਨਕ ਸੂਖ ਘਨੇਰੈ ॥ ੨॥੨੭॥੫੦॥ {ਪੰਨਾ 1214}

ਪਦਅਰਥ:- ਓਟ—ਆਸਰਾ। ਸਤਾਣੀ—ਤਾਣ ਵਾਲੀ, ਤਕੜੀ। ਮੇਰੈ—ਮੇਰੇ ਅੰਦਰ। ਦ੍ਰਿਸਟਿ ਨ ਲਿਆਵਉ—ਮੈਂ ਨਿਗਾਹ ਵਿਚ ਨਹੀਂ ਲਿਆਉਂਦਾ। ਤੇਰੈ ਮਾਣਿ—ਤੇਰੇ ਮਾਣ ਦੇ ਆਸਰੇ। ਤੇਰੈ ਮਹਤਿ—ਤੇਰੇ ਵਡੱਪਣ ਦੇ ਆਸਰੇ। ਪ੍ਰਭ—ਹੇ ਪ੍ਰਭੂ।1। ਰਹਾਉ।

ਅੰਗੀਕਾਰੁ—ਪੱਖ। ਪ੍ਰਭਿ—ਪ੍ਰਭੂ ਨੇ। ਬਿਖੁ—ਆਤਮਕ ਮੌਤ ਲਿਆਉਣ ਵਾਲੀ ਮਾਇਆ-ਜ਼ਹਰ। ਘੇਰੈ—ਘੇਰੇ ਵਿਚੋਂ। ਅੰਮ੍ਰਿਤ ਨਾਮੁ—ਆਤਮਕ ਜੀਵਨ ਦੇਣ ਵਾਲਾ ਨਾਮ-ਜਲ। ਅਉਖਧੁ—ਦਵਾਈ। ਮੁਖਿ—ਮੂੰਹ ਵਿਚ। ਗੁਰ ਪੈਰੈ—ਗੁਰੂ ਦੇ ਚਰਨਾਂ ਉੱਤੇ।1।

ਕਵਨ ਉਪਮਾ—ਕਿਹੜੀ-ਕਿਹੜੀ ਵਡਿਆਈ? ਕਹਉ—ਕਹਉਂ, ਮੈਂ ਆਖਾਂ। ਨਿਰਗੁਣ—ਗੁਣ-ਹੀਨ। ਦਾਤੇਰੈ—ਦਾਤੇ ਦੇ। ਕਾਟਿ—ਕੱਟ ਕੇ। ਸਿਲਕ—ਫਾਹੀ। ਜਉ—ਜਦੋਂ। ਘਨੇਰੈ—ਬਹੁਤ।2।

ਅਰਥ:- ਹੇ ਪ੍ਰਭੂ ਜੀ! ਮੇਰੇ ਹਿਰਦੇ ਵਿਚ ਤੇਰਾ ਹੀ ਤਕੜਾ ਸਹਾਰਾ ਹੈ। ਹੇ ਪ੍ਰਭੂ! ਤੇਰੇ ਮਾਣ ਦੇ ਆਸਰੇ ਤੇਰੇ ਵਡੱਪਣ ਦੇ ਆਸਰੇ ਮੈਂ ਹੋਰ ਕਿਸੇ ਨੂੰ ਨਿਗਾਹ ਵਿਚ ਨਹੀਂ ਲਿਆਉਂਦਾ (ਮੈਂ ਕਿਸੇ ਹੋਰ ਨੂੰ ਤੇਰੇ ਬਰਾਬਰ ਦਾ ਨਹੀਂ ਸਮਝਦਾ)।1। ਰਹਾਉ।

ਹੇ ਭਾਈ! ਪਿਆਰੇ ਪ੍ਰਭੂ ਨੇ ਜਿਸ ਮਨੁੱਖ ਦਾ ਪੱਖ ਕੀਤਾ, ਉਸ ਨੂੰ ਉਸ (ਪ੍ਰਭੂ) ਨੇ ਆਤਮਕ ਮੌਤ ਲਿਆਉਣ ਵਾਲੀ ਮਾਇਆ-ਜ਼ਹਰ ਦੇ ਘੇਰੇ ਵਿਚੋਂ ਕੱਢ ਲਿਆ। ਉਹ ਮਨੁੱਖ ਗੁਰੂ ਦੇ ਚਰਨਾਂ ਉੱਤੇ ਜਾ ਡਿੱਗਾ, ਤੇ, (ਗੁਰੂ ਨੇ ਉਸ ਦੇ) ਮੂੰਹ ਵਿਚ ਆਤਮਕ ਜੀਵਨ ਦੇਣ ਵਾਲੀ ਨਾਮ-ਦਵਾਈ ਦਿੱਤੀ।1।

ਹੇ ਭਾਈ! ਗੁਣ-ਹੀਨਾਂ ਨੂੰ ਗੁਣ ਦੇਣ ਵਾਲੇ ਪ੍ਰਭੂ ਦੀਆਂ ਮੈਂ ਆਪਣੇ ਇਕ ਮੂੰਹ ਨਾਲ ਕਿਹੜੀਆਂ-ਕਿਹੜੀਆਂ ਵਡਿਆਈਆਂ ਬਿਆਨ ਕਰਾਂ? ਹੇ ਨਾਨਕ! ਜਦੋਂ ਉਸ ਨੇ ਕਿਸੇ ਭਾਗਾਂ ਵਾਲੇ ਨੂੰ ਉਸ ਦੀ ਮਾਇਆ ਦੀ ਫਾਹੀ ਕੱਟ ਕੇ ਆਪਣਾ ਬਣਾ ਲਿਆ, ਉਸ ਨੂੰ ਬੇਅੰਤ ਸੁਖ ਪ੍ਰਾਪਤ ਹੋ ਗਏ।2। 27। 50।